## ਪੌਲੂਸ ਦੀ ਦੂਜੀ ਪਤ੍ਰੀ

# ਤਿਮਤਾਊਸ ਵਲ।

੧ ਕਾਂਡ

ਲਿਖਤਮ ਪੌਲੂਸ, ਜੋ ਉਸ ਜੀਉਣੇ ਦੇ ਵਾਇਦੇ ਮੂਜਬ, ੧
ਜਿਹੜਾ ਜਿਸੂ ਮਸੀਹ ਵਿਖੇ ਹੈ, ਪਰਮੇਸੁਰ ਦੀ ਮਰਜੀ ਨਾਲ
ਮਸੀਹ ਜਿਸੂ ਦਾ ਰਸੂਲ ਹੈ, ਪਿਆਰੇ ਪੁਤ੍ਰ ਤਿਮਤਾਊਸ ਨੂੰ ੨
ਕਿਰਪਾ, ਦਯਾ, ਕੁਸਲ, ਪਿਤਾ ਪਰਮੇਸੁਰ ਅਰ ਸਾਡੇ ਪ੍ਰਭੁ
ਮਸੀਹ ਜਿਸੂ ਦੀ ਵਲੋਂ ਹੋਵੇ॥

ਸੁਕਰ ਪਰਮੇਸੁਰ ਦਾ, ਜਿਸ ਦੀ ਸੇਵਾ ਮੈਂ ਪਿਉਦਾਦੇ ਦੀ ਰੀਤ ੩
ਪਰ ਸਾਫਦਿਲੀ ਤੇ ਕਰਦਾ ਹਾਂ, ਕਿ ਮੈਂ ਆਪਣੀਆਂ ਬੇਨਤੀਆਂ
ਵਿੱਚ ਰਾਤ ਦਿਨੇ ਨਿੱਤ ਤੇਰੀਆਂ ਗੱਲਾਂ ਕਰਦਾ ਹਾਂ; ਅਰ ਤੇਰੀ- ੪
ਆਂ ਅੰਸੂਆਂ ਨੂੰ ਚੇਤੇ ਕਰਕੇ, ਤੇਰੇ ਮਿਲਣ ਦੀ ਵਡੀ ਚਾਹ ਰੱਖ-
ਦਾ ਹਾਂ, ਭਈ ਖੁਸੀ ਨਾਲ ਭਰ ਜਾਵਾਂ: ਮੈਨੂੰ ਤੇਰੀ ਨਿਸਕਪਟ ੫
ਨਿਹਚਾ ਯਾਦ ਹੈ; ਜੋ ਪਹਿਲਾਂ ਤੇਰੀ ਨਾਨੀ ਲੋਇਸ, ਅਰ ਤੇਰੀ
ਮਾਂ ਯੂਨੀਕਾ ਵਿੱਚ ਰਹਿੰਦਾ ਸਾ, ਅਰ ਮੈਨੂੰ ਨਿਹਚਾ ਹੈ, ਜੋ ਉਹ
ਤੇਰੇ ਵਿੱਚ ਬੀ ਹੈ। ਇਸ ਕਾਰਨੋਂ ਮੈਂ ਤੈ ਨੂੰ ਚਿਤਾਰਦਾ ਹਾਂ, ਕਿ ੬
ਤੂੰ ਪਰਮੇਸੁਰ ਦੀ ਉਸ ਨਿਆਮਤ ਨੂੰ, ਜੋ ਮੇਰੇ ਹੱਥ ਰੱਖਣ ਤੇ
ਤੈਨੂੰ ਮਿਲੀ, ਫੇਰਕੇਂ ਸੁਲਗਾਉ। ਕਿੰਉਕਿ ਪਰਮੇਸੁਰ ਨੈ ਸਾਨੂੰ ੭
ਡਰਾਕਲ ਆਤਮਾ ਨਹੀਂ ਦਿੱਤਾ, ਬਲਕ ਸਾਮਰੱਥ ਦਾ, ਅਰ

੮ ਪ੍ਰੇਮ ਦਾ, ਅਰ ਬੁੱਧ ਦਾ ਆਤਮਾ ਦਿੱਤਾ ਹੈ। ਇਸ ਲਈ ਤੂੰ
ਸਾਡੇ ਪ੍ਰਭੂ ਦੀ ਸਾਖੀ ਥੋਂ, ਅਰ ਮੈਥੋਂ, ਜੋ ਉਸ ਦਾ ਬੰਧੂਆ ਹਾਂ,
ਸਰਮਿੰਦਾ ਨਾ ਹੋ; ਬਲਕ ਖੁਸਖਬਰੀ ਦੇ ਲਈ, ਪਰਮੇਸੁਰ ਦੀ
੯ ਸਕਤ ਮੂਜਬ, ਦੁੱਖਾਂ ਵਿੱਚ ਸਾਂਝੀ ਹੋ; ਕਿ ਉਸ ਨੈ ਸਾਨੂੰ ਬਚਾ-
ਇਆ, ਅਰ ਪਵਿਤ੍ਰ ਸੱਦੇ ਨਾਲ ਬੁਲਾਇਆ—ਨਾ ਸਾਡਿਆਂ
ਕਰਮਾਂ ਦੇ ਸਬੱਬ ਤੇ, ਬਲਕ ਆਪਣੇ ਅਰਾਦੇ ਤੇ, ਅਰ ਉਸ
ਕਿਰਪਾ ਤੇ ਜੋ ਮਸੀਹ ਯਿਸੂ ਵਿਖੇ ਅਨਾਦਿ ਕਾਲ ਤੇ ਪਹਿਲਾਂ
੧੦ ਸਾਨੂੰ ਦਿੱਤੀ ਗਈ; ਅਰ ਹੁਣ ਸਾਡੇ ਬਚਾਉਣਵਾਲੇ ਯਿਸੂ ਮਸੀਹ
ਦੇ ਪਰਕਾਸ ਹੋਣ ਤੇ ਪਰਗਟ ਹੋਇਆ; ਕਿ ਉਸ ਨੈ ਮੌਤ ਨੂੰ ਮੇਟ
ਦਿੱਤਾ, ਅਤੇ ਜੀਉਣ ਅਰ ਅਬਿਨਾਸ ਨੂੰ ਖੁਸਖਬਰੀ ਦੇ ਵਸੀਲੇ
੧੧ ਨਾਲ ਉੱਘਾ ਕੀਤਾ: ਅਰ ਮੈਂ ਉਸ ਦੇ ਲਈ ਪ੍ਰਚਾਰਕ, ਅਤੇ
ਰਸੂਲ, ਅਰ ਕੌਮਾਂ ਦਾ ਸਿਖਲਾਉਣਵਾਲਾ ਠਹਿਰਾਇਆ ਗ-
੧੨ ਇਆ ਹਾਂ। ਅਰ ਇਸੇ ਸਬੱਬ ਤੇ ਮੈਂ ਇਹ ਦੁੱਖ ਬੀ ਪਾਉਂਦਾ
ਹਾਂ: ਪਰ ਮੈਂ ਸਰਮਿੰਦਾ ਨਹੀਂ; ਇਸ ਲਈ ਕਿ ਮੈਂ ਉਸ ਨੂੰ, ਜਿਸ
ਪੁਰ ਪਤੀਜਿਆ ਹਾਂ, ਜਾਣਦਾ ਹਾਂ, ਅਰ ਨਿਹਚਾ ਰੱਖਦਾ ਹਾਂ,
ਕਿ ਉਹ ਮੇਰੀ ਅਮਾਨਤ ਦੀ ਉਸ ਦਿਨ ਲਗ ਰਖਵਾਲੀ ਕਰ
੧੩ ਸੱਕਦਾ ਹੈ। ਤੂੰ ਉਨ੍ਹਾਂ ਸਹੀ ਗੱਲਾਂ ਨੂੰ ਜੋ ਤੈਂ ਮੇਤੇ ਸੁਣੀਆਂ, ਉਸ
ਪਰਤੀਤ ਅਰ ਪਿਆਰ ਨਾਲ ਜੋ ਮਸੀਹ ਯਿਸੂ ਵਿੱਚ ਹੈ,
੧੪ ਨਮੂਨਾ ਬਣਾ ਰੱਖ। ਪਵਿਤ੍ਰ ਆਤਮਾ ਦੇ ਵਸੀਲੇ ਨਾਲ ਜੋ
ਸਾਡੇ ਵਿੱਚ ਵਸਦਾ ਹੈ, ਉਸ ਭਲੀ ਅਮਾਨਤ ਦੀ ਰਖਵਾਲੀ
੧੫ ਕਰ। ਤੂੰ ਇਹ ਜਾਣਦਾ ਹੈਂ, ਕਿ ਸਰਬੱਤ ਜੋ ਅਸਿਆ ਵਿੱਚ
ਸੇ, ਜਿਨ੍ਹਾਂ ਵਿੱਚੋਂ ਫੂਜੱਲੁਸ ਅਰ ਹਰਮੁਜਨੇਸ ਹਨ, ਮੇਤੇ ਫਿਰ
੧੬ ਗਏ। ਪ੍ਰਭੂ ਉਨੇਸਿਫੁਰੁਸ ਦੇ ਘਰ ਪੁਰ ਦਯਾ ਕਰੇ; ਕਿੰਉਕਿ ਉਸ
ਨੈ ਬਹੁਤ ਵਾਰੀ ਮੈਨੂੰ ਤਾਜਾਦਮ ਕੀਤਾ, ਅਰ ਮੇਰੀ ਬੇੜੀ ਤੇ
ਸਰਮਿੰਦਾ ਨਹੀਂ ਹੋਇਆ; ਬਲਕ ਉਸ ਨੈ ਰੂਮ ਵਿਖੇ ਹੁੰਦਿਆਂ

ਮੈਨੂੰ ਜਤਨ ਨਾਲ ਢੂੰਢਿਆ, ਅਤੇ ਲੱਭਿਆ। ਪ੍ਰਭੂ ਉਸ ਨੂੰ ੧੭
ਇਹ ਬਖਸ਼ੇ, ਕਿ ਉਸ ਉੱਤੇ ਪ੍ਰਭੂ ਦੀ ਉਸ ਦਿਨ ਦਯਾ ਹੋਵੇ।
ਅਰ ਜੋ ਟਹਿਲਾਂ ਉਸ ਨੈ ਅਫਸ ਵਿੱਚ ਕੀਤੀਆਂ ਤੂੰ ਹੀ ਉਨ੍ਹਾਂ ੧੮
ਨੂੰ ਖੂਬ ਜਾਣਦਾ ਹੈਂ ॥

੨ ਕਾਂਡ

ਸੋ ਹੇ ਮੇਰੇ ਪੁਤ੍ਰ, ਤੂੰ ਉਸ ਕਿਰਪਾ ਨਾਲ ਜੋ ਮਸੀਹ ਯਿਸੂ ਵਿੱਚ
ਹੈ, ਮਜਬੂਤ ਹੋ। ਅਰ ਉਨ੍ਹਾਂ ਗੱਲਾਂ ਨੂੰ, ਜੋ ਤੈਂ ਬਹੁਤ ਸਾਰੇ ਉਗਾਹਾਂ ੨
ਦੇ ਸਾਹਮਣੇ ਮੈਥੋਂ ਸੁਣੀਆਂ, ਅਜਿਹਿਆਂ ਮਾਤਬਰ ਆਦਮੀ-
ਆਂ ਦੀ ਸਪੁਰਦ ਕਰ, ਜੋ ਹੋਰਨਾਂ ਨੂੰ ਬੀ ਸਿਖਾਲਣ ਦੇ ਲਾਇਕ
ਹੋਣ। ਸੋ ਤੂੰ ਯਿਸੂ ਮਸੀਹ ਦੇ ਅੱਛੇ ਸਪਾਹੀ ਵਾਂਙੂ ਦੁੱਖ ਸਹਾਰ। ੩
ਜੋ ਕੋਈ ਸਪਾਹਗਰੀ ਕਰਦਾ ਹੈ ਆਪਣੇ ਆਪ ਨੂੰ ਜਗਤ ਦੇ ੪
ਮਾਮਲਿਆਂ ਵਿੱਚ ਨਹੀਂ ਉਲਝਾਉਂਦਾ, ਭਈ ਆਪਣੇ ਭਰਤੀ
ਕਰਨਵਾਲੇ ਨੂੰ ਪਰਸਿੰਨ ਕਰੇ। ਅਰ ਜੇ ਕੋਈ ਘੋਲ ਕਰੇ ਬੀ, ਤਾਂ ੫
ਮੁਕਟ ਨਹੀਂ ਪਾਉਂਦਾ, ਜਦ ਲਗ ਉਹ ਕਾਇਦੇ ਮੂਜਬ ਘੋਲ ਨਾ
ਕਰ ਚੁੱਕੇ। ਕਿਰਸਾਣ ਜੋ ਮਿਹਨਤ ਕਰਦਾ ਹੈ, ਚਾਹਿਯੇ ਕਿ ਉਹ ੬
ਪਿਰਥਮੇ ਫਲਾਂ ਵਿੱਚ ਹਿੱਸਾ ਲਵੇ। ਜੋ ਮੈਂ ਆਖਦਾ ਹਾਂ, ਤਿਸ ੭
ਨੂੰ ਸੋਚ ਰੱਖ; ਕਿੰਉਕਿ ਪ੍ਰਭੂ ਤੈਨੂੰ ਸਰਬੱਤ ਗੱਲਾਂ ਦੀ ਸਮਝ
ਦੇਵੇਗਾ। ਯਿਸੂ ਮਸੀਹ ਦਾਊਦ ਵੰਸੀ ਨੂੰ ਚੇਤੇ ਰੱਖ, ਜੋ ਉਹ ੮
ਮੁਰਦਿਆਂ ਵਿੱਚੋਂ ਸਮਾਪਾਨ ਕੀਤਾ ਹੋਇਆ ਹੈ—ਮੇਰੀ ਖੁਸ਼-
ਖਬਰੀ ਮੂਜਬ: ਜਿਸ ਵਿਖੇ ਮੈਂ ਕੁਕਰਮੀ ਵਾਂਙੂ ਕੈਦ ਹੋਣ ਲਗ ੯
ਦੁੱਖ ਪਾਉਂਦਾ ਹਾਂ; ਪਰ ਪਰਮੇਸੁਰ ਦੀ ਬਾਣੀ ਬੰਦ ਨਹੀਂ ਹੁੰਦੀ।
ਇਸ ਸਬੱਬ ਮੈਂ ਚੁਣਿਆਂ ਹੋਇਆਂ ਲੋਕਾਂ ਲਈ ਸਭ ਕੁਛ ਸਹਿੰ- ੧੦
ਦਾ ਹਾਂ, ਭਈ ਓਹ ਬੀ ਉਸ ਮੁਕਤ ਨੂੰ ਜੋ ਯਿਸੂ ਮਸੀਹ ਵਿੱਚ ਹੈ,
ਸਦੀਪਕ ਤੇਜ ਸਣੇ, ਪ੍ਰਾਪਤ ਕਰਨ। ਇਹ ਗੱਲ ਪਰਤੀਤ ਦੇ ਲਾ- ੧੧
ਇਕ ਹੈ; ਕਿੰਉਕਿ ਜੇ ਅਸੀਂ ਉਸ ਦੇ ਸੰਗ ਮਰੇ, ਤਾਂ ਉਸ ਦੇ ਸੰਗ
ਜਿੰਦੇ ਬੀ ਰਹਾਂਗੇ। ਜੇ ਅਸੀਂ ਦੁੱਖ ਸਹਿੰਦੇ ਹਾਂ, ਤਾਂ ਉਸ ਦੇ ਸੰਗ ੧੨

ਰਾਜ ਬੀ ਕਰਾਂਗੇ: ਜੇ ਅਸੀਂ ਉਸ ਤੇ ਇਨਕਾਰ ਕਰਿਯੇ, ਤਾਂ ਉਹ
੧੩ ਬੀ ਸਾਡਾ ਇਨਕਾਰ ਕਕੇਗਾ: ਭਾਮਾਂ ਅਸੀਂ ਬੇਵਫਾ ਹੁੰਦੇ, ਪਰ
ਉਹ ਵਫਾਦਾਰ ਹੈ; ਉਹ ਆਪਣਾ ਇਨਕਾਰ ਨਹੀਂ ਕਰ ਸੱਕ-
੧੪ ਦਾ॥ ਏਹ ਗੱਲਾਂ ਉਨ੍ਹਾਂ ਨੂੰ ਯਾਦ ਕਰਾਉ, ਅਰ ਪ੍ਰਭੁ ਦੇ
ਰੋਬਰੋ ਤਗੀਦ ਕਰ, ਕਿ ਨਿਕੰਮਾਂ ਲਫਜਾਂ ਦਾ ਝਗੜਾ ਨਾ
ਕਰਨ; ਕਿਉਂਕਿ ਉਹ ਸੁਣਨਵਾਲਿਆਂ ਨੂੰ ਵਿਗਾੜਨ ਤੇ ਬਿਨਾ
੧੫ ਹੋਰ ਕਿਸੇ ਕੰਮ ਦਾ ਨਹੀਂ ਹੈ। ਜਤਨ ਕਰ, ਜੋ ਤੂੰ ਆਪਣੇ ਆਪ
ਨੂੰ ਪਰਮੇਸੁਰ ਦਾ ਗ੍ਰਹੀਤ, ਅਰਥਾਤ ਅਜਿਹਾ ਕਾਰੀਗਰ ਕਰ
ਵਿਖਲਾਵੇਂ, ਜੋ ਲੱਜਿਆਮਾਨ ਨਾ ਹੋਵੇ, ਅਰ ਸਚਿਆਈ ਦੀ
੧੬ ਕਲਾਮ ਦਾ ਠੀਕ ਬਿਆਨ ਕਰਨਵਾਲਾ ਹੋਵੇ। ਪਰ ਅਧਰਮ
ਅਤੇ ਅਨਰਥ ਬਕਵਾਦੀਆਂ ਤੇ ਪਰੇ ਰਹੁ, ਕਿਉਂਕਿ ਅਜਿਹੇ
੧੭ ਲੋਕ ਅਧਰਮ ਦੇ ਰਸਤੇ ਵਿੱਚ ਅੱਗੇ ਨੂੰ ਵਧ ਜਾਣਗੇ। ਅਰ
ਉਨ੍ਹਾਂ ਦਾ ਬਚਨ ਛੈ ਘਾਉ ਦੀ ਤਰਾਂ ਖਾਂਦਾ ਜਾਏਗਾ: ਉਨ੍ਹਾਂ
੧੮ ਵਿੱਚੋਂ ਹੁਮਨੈਊਸ ਅਤੇ ਫਿਲੇਤੁਸ ਹਨ। ਓਹ ਇਹ ਕਹਿਕੇ, ਜੋ
ਕਿਆਮਤ ਹੋ ਚੁੱਕੀ, ਸਚਿਆਈ ਦੇ ਰਾਹੋਂ ਭੁੱਲ ਗਏ; ਅਰ ਬਾ-
੧੯ ਜਿਆਂ ਦਾ ਇਮਾਨ ਵਿਗਾੜਦੇ ਹਨ। ਤਾਂ ਬੀ ਪਰਮੇਸੁਰ ਦੀ ਨੀਉਂ
ਮਜਬੂਤ ਰਹਿੰਦੀ ਹੈ, ਜੋ ਉਸ ਪੁਰ ਇਹ ਮੁਹੁਰ ਹੈ, ਕਿ ਪ੍ਰਭੁ
ਆਪਣਿਆਂ ਨੂੰ ਪਛਾਣਦਾ ਹੈ; ਅਰ ਇਹ ਕਿ ਹਰੇਕ ਜੋ ਮਸੀਹ
੨੦ ਦਾ ਨਾਉਂ ਲੈਂਦਾ ਹੈ, ਕੁਧਰਮ ਤੇ ਦੂਰ ਰਹੇ। ਪਰ ਵਡੇ ਘਰ ਵਿੱਚ
ਨਿਰੇ ਸੋਨੇ ਅਰ ਰੂਪੇ ਹੀ ਦੇ ਭਾਂਡੇ ਨਹੀਂ, ਬਲਕ ਲੱਕੜ ਅਤੇ
ਮਿੱਟੀ ਦੇ ਬੀ ਹੁੰਦੇ ਹਨ; ਅਤੇ ਬਾਜੇ ਆਦਰ, ਅਰ ਬਾਜੇ ਨਿ-
੨੧ ਰਾਦਰ ਦੇ ਹਨ। ਉਪਰੰਦ ਜੇ ਕੋਈ ਆਪਣੇ ਆਪ ਨੂੰ ਇਨ੍ਹਾਂ
ਤੇ ਪਾਕ ਕਰੇ, ਤਾਂ ਉਹ ਆਦਰ ਦਾ ਭਾਂਡਾ, ਪਵਿਤ੍ਰ ਅਰ ਮਾਲਕ
ਦੇ ਕੰਮ ਦੇ ਲਾਇਕ, ਅਤੇ ਹਰੇਕ ਅੱਛੇ ਕੰਮ ਲਈ ਤਿਆਰ ਹੋ-
੨੨ ਵੇਗਾ। ਜਵਾਨੀ ਦੀਆਂ ਕਾਮਨਾਂ ਤੇ ਭੱਜ; ਅਰ ਉਨ੍ਹਾਂ ਸਭਨਾਂ

ਦੇ ਸੰਗ, ਜੋ ਪਵਿਤ੍ਰ ਮਨ ਨਾਲ ਪ੍ਰਭੁ ਦਾ ਨਾਉਂ ਲੈਂਦੇ ਹਨ, ਧਰਮ
ਅਰ ਪਰਤੀਤ ਅਰ ਪ੍ਰੇਮ ਅਤੇ ਸੁਲਾ ਦਾ ਪਿੱਛਾ ਕਰ। ਪਰ ੨੩
ਮੂਰਖਪੁਣੇ ਦੀਆਂ ਅਤੇ ਅਨਰਥ ਹੁੱਜਤਾਂ ਤੇ ਪਰੇ ਰਹੁ; ਕਿਉਂ-
ਕਿ ਤੂੰ ਜਾਣਦਾ ਹੈਂ, ਜੋ ਓਹ ਝਗੜੇ ਪੈਦਾ ਕਰਦੀਆਂ ਹਨ; ਅਰ ੨੪
ਜੋਗ ਨਹੀਂ, ਕਿ ਪ੍ਰਭੁ ਦਾ ਸੇਵਕ ਝਗੜਾ ਕਰੇ, ਬਲਕ ਸਭਨਾਂ ਪੁਰ
ਨਰਮਦਿਲ ਅਰ ਸਿਖਲਾਉਣੇ ਜੋਗ, ਅਰ ਦੁੱਖਾਂ ਦੇ ਸਹਾਰਨ-
ਵਾਲਾ ਹੋਵੇ, ਅਰ ਉਨਾਂ ਨੂੰ ਜੋ ਸਾਹਮਣਾ ਕਰਦੇ ਹਨ, ਕੋਮਲ- ੨੫
ਤਾਈ ਨਾਲ ਉਪਦੇਸ ਦੇਵੇ; ਕਿਉਂਕਿ ਨਾ ਜਾਣਿਯੇ, ਜੋ ਪਰਮੇਸੁਰ
ਉਨਾਂ ਨੂੰ ਤੋਬਾ ਬਖਸੇ, ਭਈ ਸਚਿਆਈ ਨੂੰ ਪਛਾਣਨ; ਅਤੇ ੨੬
ਇਬਲੀਸ ਜਿਸ ਨੈ ਤਿਨਾਂ ਨੂੰ ਸਕਾਰ ਕਰਕੇ ਜਿੰਦੇ ਫੜਿਆ,
ਭਈ ਉਸ ਦੀ ਮਰਜੀ ਪੁਰ ਚੱਲਣ, ਓਹ ਸੁਚੇਤ ਹੋਕੇ ਉਸ ਦੀ
ਫਾਹੀ ਤੇ ਛੁੱਟਣ ॥

੩ ਕਾਂਡ

ਅਤੇ ਇਹ ਜਾਣ ਰੱਖ, ਕਿ ਅੰਤ ਦੇ ਦਿਨਾਂ ਵਿੱਚ ਕਠਨ ਸਮੇਂ
ਆਉਣਗੇ: ਕਿਉਂਕਿ ਮਨੁੱਖ ਆਪਸੁਆਰਥੀ, ਲਾਲਚੀ, ਗੱਪੀ, ੨
ਹੰਕਾਰੀ, ਦੁਰਬਚਨ ਬੋਲਣਵਾਲੇ, ਮਾਪਿਆਂ ਦੇ ਅਨਆਗਿਆ-
ਕਾਰੇ, ਨਾਸੁਕਰੇ, ਅਪਵਿਤ੍ਰ, ਨਿਰਮੋਹ, ਅਨਮਿਲਾਪੀ, ਤੁਹਮ- ੩
ਤੀ, ਅਸੰਜਮੀ, ਕਠੋਰ, ਨੇਕੀ ਦੇ ਵੈਰੀ, ਪਕੜਾਉਣਵਾਲੇ, ਬੇਲਿ- ੪
ਹਾਜ, ਫੁੱਲਣਵਾਲੇ, ਪਰਮੇਸੁਰ ਤੇ ਸੁਖ ਬਿਲਾਸ ਨੂੰ ਵਧੀਕ
ਚਾਹਣਵਾਲੇ, ਭਗਤੀ ਦੀ ਸੂਰਤ ਰੱਖਕੇ ਉਸ ਦੀ ਸਕਤ ਦੇ ਇਨ- ੫
ਕਾਰੀ ਹੋਣਗੇ: ਸੋ ਤੂੰ ਇਨਾਂ ਤੇ ਪਰੇ ਰਹੁ। ਕਿਉਂਕਿ ਉਨਾਂ ਵਿੱਚੋਂ ੬
ਓਹ ਹਨ ਜੋ ਘਰੋਘਰ ਘੁਸਦੇ ਹਨ, ਅਰ ਉਨਾਂ ਹੋਛੀਆਂ ਤੀਮੀ-
ਆਂ ਨੂੰ ਫਸਾਉਂਦੇ ਹਨ, ਜੋ ਪਾਪਾਂ ਦੇ ਹੇਠ ਦੱਬੀਆਂ ਹੋਈਆਂ
ਹਨ, ਅਰ ਅਨੇਕ ਭਾਂਤ ਦੀ ਕਾਮਨਾਂ ਨਾਲ ਖਿੱਚੀਆਂ ਜਾਂ-
ਦੀਆਂ ਹਨ, ਅਤੇ ਸਦਾ ਸਿੱਖਿਆ ਲੈਂਦੀਆਂ ਹਨ, ਪਰ ਸੱਚ ੭
ਦੇ ਗਿਆਨ ਲਗ ਪਹੁੰਚ ਨਹੀਂ ਸੱਕਦੀਆਂ। ਅਰ ਜਿਸ ਤਰਾਂ ੮

ਯਨੇਸ ਅਰ ਯੰਬਰੇਸ ਨੈ ਮੂਸਾ ਦਾ ਸਾਹਮਣਾ ਕੀਤਾ, ਇਸੀ
ਤਰਾਂ ਓਹ ਬੀ, ਜੋ ਬੁੱਧਹੀਣ ਮਨੁੱਖ ਅਰ ਪਰਤੀਤ ਦੀ ਬਾਬਤ
੯ ਨਾਪਸਿੰਦ ਹਨ, ਸਚਿਆਈ ਦਾ ਵਿਰੋਧ ਕਰਦੇ ਹਨ। ਪਰ ਓਹ
ਅੱਗੇ ਨਹੀਂ ਵਧਣਗੇ; ਇਸ ਲਈ ਕਿ ਉਨਾਂ ਦਾ ਮੂਰਖਪੁਣਾ
ਸਭਨਾਂ ਪੁਰ ਪਰਗਟ ਹੋ ਜਾਏਗਾ, ਜਿਸ ਤਰਾਂ ਤਿਨਾਂ ਦਾ ਬੀ
੧੦ ਹੋਇਆ। ਪਰ ਤੈਂ ਮੇਰੀ ਸਿੱਖਿਆ, ਚਾਲਚਲਣ, ਮਨਸਾ, ਪਰ-
੧੧ ਤੀਤ, ਧੀਰਜ, ਪ੍ਰੇਮ, ਸਬਰ, ਤਸੀਹਾਂ, ਦੁੱਖਾਂ ਨੂੰ, ਜੋ ਅਨਤਾਕਿ-
ਯਾ ਅਤੇ ਇਕੂਨਿਉਮ ਅਰ ਲੁਸਤਰਾ ਵਿਖੇ ਮੇਰੇ ਉੱਤੇ ਪਏ,
ਇੱਕ ਇੱਕ ਕਰਕੇ ਅੱਛੀ ਤਰਾਂ ਜਾਣਿਆ,—ਅਰ ਮੈਂ ਕਿਹਾ ਕਿਹਾ
ਤਸੀਹਾਂ ਪਾਇਆ; ਅਤੇ ਪ੍ਰਭੁ ਨੈ ਮੈਨੂੰ ਉਨਾਂ ਸਭਨਾਂ ਤੇ
੧੨ ਛੁਡਾਇਆ। ਬਲਕ ਸਭ ਦੇ ਸਭ ਜੋ ਮਸੀਹ ਯਿਸੂ ਵਿਖੇ ਭਗ-
ਤਾਈ ਨਾਲ਼ ਗੁਜ਼ਰਾਨ ਕਰਨੀ ਚਾਹੁੰਦੇ ਹਨ, ਸੋ ਤਸੀਹਾਂ ਪਾ-
੧੩ ਉਣਗੇ। ਪਰ ਦੁਸ਼ਟ ਅਰ ਦਗੇਬਾਜ਼ ਆਦਮੀ ਛਲ਼ ਦੇਕੇ ਅਰ
੧੪ ਛਲ਼ ਖਾਕੇ ਬੁਰਿਆਈ ਵਿੱਚ ਵਾਧਾ ਕਰਦੇ ਜਾਣਗੇ। ਪਰ ਤੂੰ
ਉਨਾਂ ਗੱਲਾਂ ਪੁਰ ਜੋ ਤੈਂ ਸਿੱਖੀਆਂ, ਅਰ ਸੱਚ ਜਾਣੀਆਂ, ਕਾ-
ਇਮ ਰਹੁ; ਕਿਉਂਕਿ ਤੂੰ ਜਾਣਦਾ ਹੈਂ, ਕਿ ਕਿਸ ਤੇ ਸਿੱਖਿਆ;
੧੫ ਅਤੇ ਇਹ ਕਿ ਤੂੰ ਬਾਲਕਪੁਣੇ ਤੇ ਲਾਕੇ ਪਵਿਤ੍ਰ ਲਿਖਤਾਂ ਥੋਂ
ਮਹਿਰਮ ਹੈਂ, ਜੋ ਤੈਨੂੰ ਅਜਿਹੀ ਬੁੱਧ ਦੇ ਸੱਕਦੀਆਂ ਹਨ, ਕਿ ਉਹ
ਮੁਕਤਿ ਜੋ ਮਸੀਹ ਯਿਸੂ ਪੁਰ ਪਤੀਜਣ ਕਰਕੇ ਹੁੰਦੀ ਹੈ, ਉਸ
੧੬ ਲਗ ਪੁਚਾਵੇ। ਸਾਰੀ ਕਿਤੇਬ ਖੁਦਾ ਦੇ ਇਲਹਾਮ ਤੇ ਲਿਖੀ ਗਈ,
ਅਰ ਸਿੱਖਿਆ ਦੇ, ਅਤੇ ਤਾੜਨਾ ਦੇ, ਅਰ ਸੁਧਾਰਨ ਦੇ ਲਈ,
੧੭ ਅਰ ਧਰਮ ਵਿਖੇ ਉਪਦੇਸ ਕਰਨ ਲਈ ਗੁਣਕਾਰ ਹੈ; ਭਈ
ਪਰਮੇਸੁਰ ਦਾ ਜਣਾ ਪੂਰਾ ਹੋਵੇ, ਅਰ ਹਰੇਕ ਭਲੇ ਕੰਮ ਦੇ ਲਈ
ਤਿਆਰ ਰਹੇ ॥

੪ ਕਾਂਡ

ਸੋ ਮੈਂ ਪਰਮੇਸੁਰ ਅਰ ਪ੍ਰਭੁ ਯਿਸੂ ਮਸੀਹ ਦੇ ਅੱਗੇ, ਜੋ ਆਪ-

ਲੇ ਪਰਕਾਸ ਅਤੇ ਰਾਜ ਦੇ ਸਮੇ ਜੀਉਂਦਿਆਂ ਅਰ ਮੁਰਦਿਆਂ
ਦਾ ਨਿਆਉਂ ਕਰੇਗਾ, ਤਗੀਦ ਕਰਦਾ ਹਾਂ, ਕਿ ਤੂੰ ਕਥਾ ਨੂੰ ਪ੍ਰਚਾਰ; ੨
ਵੇਲੇ ਕੁਵੇਲੇ ਉਸ ਵਿੱਚ ਲੱਗਿਆ ਰਹੁ; ਪੂਰੀ ਧੀਰਜ ਅਰ
ਸਿੱਖਿਆ ਨਾਲ਼ ਦੋਸ ਦੱਸ ਦੇ; ਅਰ ਮਲਾਮਤ ਅਤੇ ਉਪਦੇਸ
ਕਰ। ਕਿਉਂਕਿ ਸਮਾ ਆਵੇਗਾ, ਜਾਂ ਓਹ ਸਹੀ ਉਪਦੇਸ ਨੂੰ ਨਾ ੩
ਸਹਿਲਗੇ; ਪਰ ਕੰਨ ਖੁਰਕਦੇ ਆਪਣੀਆਂ ਬੁਰੀਆਂ ਭਾਉਣੀ-
ਆਂ ਦੇ ਮੂਜਬ ਗੁਰੂ ਪੁਰ ਗੁਰੂ ਬੁਲਾਉਲਗੇ; ਅਰ ਸਚਿਆਈ ੪
ਦੀ ਵਲੋਂ ਕੰਨਾਂ ਨੂੰ ਫੇਰਕੇ ਕਹਾਣੀਆਂ ਦੀ ਵਲ ਫਿਰਨਗੇ। ਪਰ ੫
ਤੂੰ ਸਾਰੀਆਂ ਗੱਲਾਂ ਵਿੱਚ ਸੁਚੇਤ ਹੋ; ਦੁੱਖ ਸਹਾਰ; ਖੁਸਖਬਰੀ
ਦੇਣਵਾਲੇ ਦਾ ਕੰਮ ਕਰ; ਆਪਣੀ ਸੇਵਕਾਈ ਨੂੰ ਪੂਰੀ ਕਰ।
ਕਿਉਂਕਿ ਹੁਣ ਮੇਰਾ ਲਹੂ ਬਹਾਇਆ ਜਾਂਦਾ ਹੈ; ਮੇਰੇ ਕੂਚ ਦਾ ੬
ਸਮਾਂ ਆ ਪਹੁੰਚਿਆ ਹੈ। ਮੈਂ ਅੱਛੀ ਲੜਾਈ ਲੜਿਆ; ਮੈਂ ਦੌੜ ੭
ਨੂੰ ਪੂਰੀ ਕੀਤਾ; ਮੈਂ ਪਰਤੀਤ ਨੂੰ ਰੱਖਿਆ ਹੈ। ਬਾਕੀ ਧਰਮ ਦਾ ੮
ਹਾਰ ਮੇਰੀ ਲਈ ਧਰਿਆ ਹੋਇਆ ਹੈ; ਅਰ ਪ੍ਰਭੁ, ਜੋ ਸੱਚਾ
ਮੁਨਸਬ ਹੈ, ਉਸ ਦਿਨ ਉਹ ਮੈਨੂੰ ਦੇਵੇਗਾ; ਅਰ ਨਿਰਾ ਮੈਨੂੰ ਹੀ
ਨਹੀਂ, ਬਲਕ ਉਨਾਂ ਸਭਨਾਂ ਨੂੰ ਬੀ ਜੋ ਉਸ ਦੇ ਪਰਕਾਸ ਨੂੰ ਚਾ-
ਹੁੰਦੇ ਹਨ॥

ਤੂੰ ਜਤਨ ਕਰ, ਜੋ ਮੇਰੇ ਕੋਲ਼ ਛੇਤੀ ਆਵੇਂ। ਕਿਉਂਕਿ ਦੇਮਸ ੯ ੧੦
ਨੇ ਬਰਤਮਾਨ ਜੁਗ ਨੂੰ ਪਸਿੰਦ ਕਰਕੇ ਮੈਨੂੰ ਛੱਡ ਦਿੱਤਾ, ਅਰ
ਤਸਲੁਨੀਕ ਨੂੰ ਚਲਿਆ ਗਿਆ; ਕਰੇਸਕੇਸ ਗਲਾਤ ਨੂੰ, ਅਰ
ਤੀਤੁਸ ਦਲਮਾਤ ਨੂੰ ਗਿਆ। ਨਿਰਾ ਲੂਕਾਸ ਹੀ ਮੇਰੇ ਨਾਲ਼ ਹੈ। ੧੧
ਤੂੰ ਮਰਕੁਸ ਨੂੰ ਆਪਣੇ ਸੰਗ ਲੈ ਆਉ; ਕਿਉਂਕਿ ਉਹ ਸੇਵਾ ਲਈ
ਮੇਰੇ ਕੰਮ ਦਾ ਹੈ। ਮੈਂ ਤੁਖਿਕੁਸ ਨੂੰ ਅਫਸ ਭੇਜਿਆ। ਤੂੰ ਉਹ ੧੨ ੧੩
ਚੋਲ਼ਾ ਜਿਸ ਨੂੰ ਮੈਂ ਤ੍ਰੋਆਸ ਵਿੱਚ ਕਰਪੁਸ ਦੇ ਘਰ ਛੱਡਿਆ,
ਅਤੇ ਪੋਥੀਆਂ, ਅਤੇ ਬਹੁਤ ਕਰਕੇ ਓਹ ਚਮੜੇ ਦੇ ਪੜੇ ਲੈਂਦਾ

੧੪ ਆਵੀਂ। ਸਿਕੰਦਰ ਠਠੇਰੇ ਨੈ ਮੇਰੇ ਨਾਲ਼ ਬਹੁਤ ਬਦੀ ਕੀਤੀ: ਪ੍ਰਭੁ
੧੫ ਉਸ ਦੇ ਕਰਮਾਂ ਮੂਜਬ ਉਸ ਨੂੰ ਬਦਲਾ ਦੇਵੇ। ਉਸ ਤੇ ਤੂੰ ਬੀ
ਚੌਕਸ ਰਹੁ; ਕਿੰਉਕਿ ਉਸ ਨੈ ਸਾਡੀਆਂ ਗੱਲਾਂ ਦਾ ਬਹੁਤ ਵਿਰੋਧ
੧੬ ਕੀਤਾ ਹੈ॥ ਮੇਰੇ ਪਹਿਲੇ ਜਵਾਬ ਦੇਲ ਵਿੱਚ ਕੋਈ ਮੇਰੇ ਸੰਗ
ਖੜਾ ਨਾ ਹੋਇਆ; ਬਲਕ ਸਾਰੇ ਮੈਨੂੰ ਛੱਡ ਗਏ: ਉਸ ਦਾ ਲੇਖਾ
੧੭ ਉਨਾਂ ਨੂੰ ਦੇਣਾ ਨਾ ਪਵੇ। ਪਰ ਪ੍ਰਭੁ ਮੇਰੇ ਸੰਗ ਖੜੋਤਾ; ਅਰ ਮੈ
ਨੂੰ ਬਲ ਦਿੱਤਾ, ਭਈ ਮੇਰੇ ਵਸੀਲੇ ਪ੍ਰਚਾਰ ਪੂਰਾ ਕੀਤਾ ਜਾਵੇ,
ਅਰ ਕੌਮਾਂ ਸਭੇ ਸੁਣਨ। ਅਰ ਮੈਂ ਸੀਂਹ ਦੇ ਮੂੰਹੋਂ ਛੁਡਾਇਆ
੧੮ ਗਿਆ। ਅਤੇ ਪ੍ਰਭੁ ਮੈਨੂੰ ਹਰੇਕ ਬੁਰੇ ਕੰਮ ਤੇ ਛੁਡਾਵੇਗਾ, ਅਰ
ਆਪਣੇ ਸੁਰਗ ਰਾਜ ਲਗ ਬਚਾ ਰੱਖੇਗਾ। ਉਸ ਦਾ ਤੇਜ ਜੁਗਾਂ
੧੯ ਜੁਗ ਹੋਵੇ। ਆਮੀਂ॥ ਪ੍ਰਿਸਕਾ, ਅਰ ਅਕੂਲਾ, ਅਰ
੨੦ ਉਨੇਸਿਫੁਰੁਸ ਦੇ ਘਰ ਨੂੰ ਸਲਾਮ ਆਖੀਂ। ਅਰਾਸਤੁਸ ਕੁਰਿੰਤ
ਵਿੱਚ ਰਿਹਾ। ਤ੍ਰਫਿਮੁਸ ਨੂੰ ਮੈਂ ਮਿਲੇਤੁਸ ਵਿੱਚ ਰੋਗੀ ਛੱਡਿ-
ਆ॥ ਤੂੰ ਸਿਆਲ਼ ਤੇ ਪਹਿਲਾਂ ਆਉਣ ਲਈ ਜਤਨ
੨੧ ਕਰ॥ ਯੁਬੂਲਸ ਅਰ ਪੂਦੇਸ, ਅਰ ਲੀਨੁਸ, ਅਰ
ਕਲੌਦਿਯਾ, ਅਰ ਸਾਰੇ ਭਾਈ ਤੈ ਨੂੰ ਸਲਾਮ ਕਹਿੰਦੇ ਹਨ॥
੨੨ ਪ੍ਰਭੁ ਜਿਸੂ ਮਸੀਹ ਤੇਰੇ ਆਤਮਾ ਦੇ ਸੰਗ ਹੋਵੇ। ਕਿਰਪਾ
ਤੁਸਾਡੇ ਅੰਗ ਸੰਗ ਰਹੇ। ਆਮੀਂ॥